**(This Question paper contains 2 printed pages)** **Roll Number ____________**

S.No. of Question Paper : **7756**
Unique Paper Code : 2123100010
Name of the Paper : Kisani Jeevan di Punjabi Kahani (DSE)
Name of the Course : B. A. (Hons.) Punjabi
Semester : VIII
Duration: 3 Hours Maximum Marks: 90

**Instructions for Candidates**

**Note: All questions are necessary**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਪੰਜਾਬੀ ਕਹਾਣੀ ਵਿੱਚ ਕਰਜ਼ੇ ਦੀ ਸਮੱਸਿਆ ਕਿਵੇਂ ਦਰਸਾਈ ਗਈ ਹੈ? ਉਦਾਹਰਨਾਂ ਸਮੇਤ ਸਮਝਾਓ। 15

ਜਾਂ

ਆਰਥਕ ਦਬਾਅ ਹੇਠ ਪੰਜਾਬ ਦੇ ਪਿੰਡਾਂ ਦੇ ਬਦਲਦੇ ਸਮਾਜਕ ਢਾਂਚੇ ਨੂੰ ਪੰਜਾਬੀ ਕਹਾਣੀ ਦੇ ਪ੍ਰਸੰਗ ਵਿੱਚ ਸਮਝਾਓ।

**ਭਾਗ ਦੂਜਾ**

2. ਪੰਜਾਬੀ ਕਹਾਣੀ ਵਿੱਚ ਕਿਸਾਨੀ ਸੰਕਟ ਨੂੰ ਕਵੇਂ ਪੇਸ਼ ਕੀਤਾ ਗਆ ਹੈ? ਵਿਸ਼ਲੇਸ਼ਣ ਕਰੋ। 15

ਜਾਂ

ਕਿਸਾਨੀ ਸੰਕਟ ਨੂੰ ਸਮਝਣ ਲਈ ਪੰਜਾਬੀ ਕਹਾਣੀ ਨੂੰ ਇੱਕ ਸਮਾਜਕ ਦਸਤਾਵੇਜ਼ ਵਜੋਂ ਕਿਵੇਂ ਦੇਖਿਆ ਜਾ ਸਕਦਾ ਹੈ? ਉਦਾਹਰਨਾਂ ਸਹਿਤ ਲਿਖੋ।

3. 'ਥਕੇਵਾ' ਜਾਂ 'ਬਾਪੂ' ਕਹਾਣੀ ਵਿੱਚੋਂ ਕਿਸੇ ਇਕ ਦੇ ਆਧਾਰ 'ਤੇ ਦੱਸੋ ਕਿ ਕਿਸਾਨੀ ਸੰਕਟ ਦੇ ਸੰਦਰਭ ਵਿੱਚ ਔਰਤਾਂ ਦੀ ਭੂਮਿਕਾ ਪੰਜਾਬੀ ਕਹਾਣੀ ਵਿੱਚ ਕਿਵੇਂ ਉਭਰਦੀ ਹੈ? 10

**ਭਾਗ ਤੀਜਾ**

4. ਆਧੁਨਿਕਤਾ ਅਤੇ ਮਸ਼ੀਨੀਕਰਨ ਨੇ ਕਿਸਾਨੀ ਸੰਕਟ ਨੂੰ ਕਿਵੇਂ ਗੰਭੀਰ ਬਣਾਇਆ ਹੈ? ਕਿਸੇ ਇਕ ਪੰਜਾਬੀ ਕਹਾਣੀ ਦੀ ਉਦਾਹਰਨ ਦੇ ਕੇ ਦੱਸੋ। 15

ਜਾਂ

ਜ਼ਮੀਨ ਦੀ ਟੁਕੜੇਬੰਦੀ ਕਿਸ ਤਰ੍ਹਾਂ ਕਿਸਾਨੀ ਸੰਕਟ ਨੂੰ ਵਧਾਉਂਦੀ ਹੈ? 'ਸਾਂਝੀ ਖੇਤੀ' ਕਹਾਣੀ ਦੇ ਪ੍ਰਸੰਗ ਵਿੱਚ ਵਿਚਾਰ ਦਿਓ।

5. 'ਸਿਉਂਕ' ਕਹਾਣੀ ਦੇ ਮੁੱਖ ਪਾਤਰ 'ਕਰਮੇ' ਦਾ ਚਰਿੱਤਰ-ਚਿੱਤਰਣ ਪੇਸ਼ ਕਰੋ। 10

ਜਾਂ

'ਕਾਰਗਿਲ' ਕਹਾਣੀ ਦੇ ਮੁੱਖ ਪਾਤਰ 'ਰਣਬੀਰ' ਦਾ ਚਰਿੱਤਰ-ਚਿਤਰਣ ਪੇਸ਼ ਕਰੋ।

**ਭਾਗ ਚੌਥਾ**

6. 'ਹਲ ਵਾਹ' ਕਹਾਣੀ ਵਿੱਚ ਪਿੰਡ ਦੇ ਸਮਾਜਕ ਢਾਂਚੇ ਨੂੰ ਕਿਸ ਤਰ੍ਹਾਂ ਦਰਸਾਇਆ ਗਿਆ ਹੈ? 15

ਜਾਂ

'ਮੁਰਕੀਆਂ' ਕਹਾਣੀ ਦੇ ਆਧਾਰ ਉੱਤੇ ਪਿੰਡਾਂ ਵਿੱਚ ਫੈਲੀ ਸਮਾਜਕ-ਆਰਥਿਕ ਅਸਮਾਨਤਾ ਦਾ ਵਿਸ਼ਲੇਸ਼ਣ ਕਰੋ।

7. ਕਿਸਾਨ ਸੰਕਟ ਦੇ ਸੰਦਰਭ ਵਿੱਚ 'ਸਲਫ਼ਾਸ' ਕਹਾਣੀ ਦੇ ਮੂਲ ਸਰੋਕਾਰਾਂ ਉੱਤੇ ਸੰਖੇਪ ਚਾਨਣਾ ਪਾਉ। 10

ਜਾਂ

'ਸੰਭਾਲ ਲੈ ਮੈਨੂੰ' ਕਹਾਣੀ ਦੇ ਸੰਦਰਭ ਵਿੱਚ ਪੰਜਾਬ ਦੇ ਕਿਸਾਨ ਦੀ ਮਾਨਸਿਕ ਪੀੜਾ ਦਾ ਸੰਖੇਪ ਵਿਸ਼ਲੇਸ਼ਣ ਕਰੋ।